# ਓਲਾ

# 57

'ਓਲਾ' ਦੇ ਅੱਖਰੀ ਅਰਥ ਹਨ – ਓਟ, ਆਸਰਾ, ਅਧਾਰ, ਸ਼ਰਨ ਜਾਂ ਟੇਕ ! ਪਰ ਅਧਿਆਤਮਿਕ ਤੌਰ ਤੇ ਇਸ ਵਿਚ ਡੂੰਘੀ ਰਮਜ਼ ਹੈ ।

ਹਰ ਇਕ ਜੀਵ ਨੂੰ ਦੁਨੀਆਂ ਵਿਚ ਵਿਚਰਨ ਲਈ ਕਿਸੇ ਦਾ ਆਸਰਾ ਲੈਣਾ ਪੈਂਦਾ ਹੈ । ਬੱਚਾ ਪੈਦਾ ਹੁੰਦਿਆਂ ਹੀ ਆਪਣੀ **'ਮਾਂ'** ਤੇ ਨਿਰਭਰ ਹੁੰਦਾ ਹੈ ਤੇ ਫਿਰ ਸਾਰੀ ਜ਼ਿੰਦਗੀ ਵੀ ਉਹ ਆਪਣੇ ਤੋਂ ਵੱਡੀ ਹਸਤੀ ਦੀ ਓਟ ਲੈ ਕੇ ਆਪਣਾ ਜੀਵਨ ਬਤੀਤ ਕਰਦਾ ਹੈ । ਸੰਸਾਰ ਵਿਚ ਰਹਿੰਦਿਆਂ ਹੋਇਆਂ ਸਾਨੂੰ ਅਨੇਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਜਦ ਅਸੀਂ ਆਪ ਉਨ੍ਹਾਂ ਦਾ ਹੱਲ ਨਹੀਂ ਕੱਢ ਸਕਦੇ ਤਾਂ ਸਾਨੂੰ ਕਿਸੇ ਦਾ ਆਸਰਾ ਲੈਣਾ ਪੈਂਦਾ ਹੈ। ਇਸ ਤਰ੍ਹਾਂ ਜ਼ਿੰਦਗੀ ਦੇ ਹਰ ਪੜਾਅ ਤੇ ਅਸੀਂ ਕਿਸੇ ਨਾ ਕਿਸੇ ਤੇ ਨਿਰਭਰ ਹੁੰਦੇ ਹਾਂ ।

ਮਾਇਕੀ ਜੀਵਨ ਤੋਂ ਇਲਾਵਾ ਇਕ ਹੋਰ ਜੀਵਨ ਹੈ ਜੋ ਇਸ ਤੋਂ ਉਚੇਰਾ ਹੈ, ਅਰਥਾਤ **'ਪਰਮਾਰਥ ਜੀਵਨ' !** ਅਸਲ ਵਿਚ **'ਪਰਮਾਰਥ ਜੀਵਨ'** ਤੋਂ **ਬਿਨਾਂ** ਸਾਡਾ ਕੋਈ ਜੀਵਨ ਹੀ ਨਹੀਂ, ਇਸ ਤੋਂ ਬਿਨਾਂ ਅਸੀਂ ਇਨਸਾਨ ਹੁੰਦੇ ਹੋਏ ਵੀ ਪਸ਼ੂ ਸਮਾਨ ਹਾਂ ।

ਅਕਾਲ ਪੁਰਖ ਦੀ ਆਪਣੀ ਮੌਜ ਵਿਚ ਰਚੀ ਇਸ ਇਲਾਹੀ ਕਾਇਨਾਤ ਦੇ ਦੋ ਭਿੰਨ-ਭਿੰਨ **ਮੰਡਲ ਹਨ** –

1. **ਆਤਮਿਕ ਮੰਡਲ** – ਜਿਸ ਵਿਚ **ਇਲਾਹੀ ਪ੍ਰਕਾਸ਼,** ਅਰਥਾਤ –

ਸਦਾ ਖੈਰ
ਸਦਾ ਸੁੱਖ
ਸਦਾ ਖੁਸ਼ੀ
ਪ੍ਰੀਤ
ਪ੍ਰੇਮ
ਰਸ
ਚਾਉ
ਨਾਮ

ਸ਼ਾਂਤੀ
ਠੰਢ

ਦਾ ਪ੍ਰਵੇਸ਼ ਤੇ ਪ੍ਰਗਟਾਵਾ ਹੈ ।

2. **'ਮਾਇਕੀ ਮੰਡਲ'** ਅਥਵਾ ਹਉਮੈ-ਵੇੜ੍ਹੀ ਸਿਆਣਪ ਦਾ ਮੰਡਲ – ਜਿਸ ਵਿਚ ਨੀਵੀਆਂ ਮਾਇਕੀ ਰੁਚੀਆਂ, ਜਿਵੇਂ –

ਕਾਮ
ਕ੍ਰੋਧ
ਲੋਭ
ਮੋਹ
ਹੰਕਾਰ
ਖ਼ੁਦਗਰਜ਼ੀ
ਈਰਖਾ
ਨਫ਼ਰਤ
ਸਾੜਾ
ਚਿੰਤਾ
ਤ੍ਰਿਸ਼ਨਾ

ਆਦਿ ਦੀ ਅੱਗ ਵਰਤ ਰਹੀ ਹੈ । ਇਸ **'ਆਤਿਸ਼ ਦੁਨੀਆਂ'** ਵਿਚ ਖੱਚਤ ਹੋਈ ਸਾਰੀ ਲੁਕਾਈ ਸੜਦੀ-ਬਲਦੀ, ਹੈ-ਬੂ ਕਰਦੀ, ਹਾਲ-ਦੁਹਾਈ ਮਚਾਉਂਦੀ, ''ਕਿਝੁ ਨ ਬੁਝੈ ਕਿਝੁ ਨਾ ਸੁਝੈ ਦੁਨੀਆ ਗੁਝੀ ਭਾਹਿ'' ਵਾਲਾ ਜੀਵਨ ਬਤੀਤ ਕਰ ਰਹੀ ਹੈ ।

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ। (ਵਾ.ਭਾ.ਗੁ. 1/24)

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ (ਪੰਨਾ-921)

ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ॥
(ਪੰਨਾ-834)

ਗੁਰਬਾਣੀ ਅਨੁਸਾਰ ਇਸ **'ਗੁਝੀ-ਭਾਹਿ'** ਅਥਵਾ **'ਮਾਇਕੀ ਅੱਗ'** ਤੋਂ ਬਚਣ ਲਈ ਮਨ ਦੀਆਂ ਬਾਹਰਮੁਖੀ 'ਸੁਰਤੀਆਂ-ਬਿਰਤੀਆਂ' ਨੂੰ **'ਮਾਇਕੀ-ਮੰਡਲ' ਤੋਂ ਮੋੜ ਕੇ 'ਆਤਮ-ਮੰਡਲ' ਦੇ** –

ਸੀਤਲ
ਸ਼ਾਂਤ

ਸੁਖਦਾਈ
ਬਿਸਮਾਦੀ
ਠੰਢੇ
ਖੁਨਕ-ਨਾਮੁ

ਵਲ ਲਾਉਣਾ ਹੀ –

'ਭਜਿ ਪਏ ਹਰਿ ਸਰਣਾਈ ਹੈ' !
'ਚਰਣ ਸਰਣ ਜਾਣਾ ਹੈ' !!
'ਗਹੁ ਹਰਿ ਨਾਮ ਕਾ ਓਲਾ ਹੈ' !!!

ਜੇਕਰ ਇਕ ਪਾਸੇ ਅੱਗ ਦੇ ਭਾਂਬੜ ਮਚਾ ਦੇਈਏ ਅਤੇ ਦੂਜੇ ਪਾਸੇ ਬਰਫ਼ ਜਮ੍ਹਾਂ ਕਰ ਦੇਈਏ ਤਾਂ ਜਿਉਂ-ਜਿਉਂ ਅਸੀਂ ਅੱਗ ਦੇ ਨੇੜੇ ਜਾਵਾਂਗੇ, ਤਿਉਂ-ਤਿਉਂ ਸੇਕ ਵਧਦਾ ਜਾਵੇਗਾ ਅਤੇ ਠੰਢ ਘਟਦੀ ਜਾਵੇਗੀ। ਇਸ ਦੇ ਉਲਟ ਜੇ ਅੱਗ ਵਲ ਪਿੱਠ ਕਰਕੇ ਬਰਫ਼ ਵਲ ਮੁੜਾਂਗੇ ਤਾਂ ਠੰਢ ਵਧਦੀ ਜਾਵੇਗੀ ਅਤੇ ਸੇਕ ਘਟਦਾ ਜਾਵੇਗਾ।

ਇਹੋ ਅਸੂਲ ਸਾਡੀ ਮਾਨਸਿਕ ਹਾਲਤ ਉਤੇ ਵੀ ਹੂ-ਬ-ਹੂ ਢੁਕਦਾ ਹੈ।

ਜਿਉਂ-ਜਿਉਂ **'ਠਾਂਢਾ ਹਰਿ ਨਾਉ'** ਵਲ ਪਿੱਠ ਕਰਕੇ, ਆਪਣੀ ਇਲਾਹੀ ਮਾਤਾ – **'ਅਕਾਲ ਪੁਰਖ'** ਦਾ ਓਲਾ ਛੱਡ ਕੇ ਅਥਵਾ ਉਸ ਨੂੰ **ਭੁੱਲ ਕੇ ਜਾਂ ਬੇਮੁਖ ਹੋ ਕੇ** ਸਾਡੀ ਸੁਰਤੀ-ਬਿਰਤੀ 'ਆਤਿਸ਼-ਦੁਨੀਆਂ' ਵਲ ਮੁੜਦੀ ਜਾਂਦੀ ਹੈ – ਤਿਉਂ-ਤਿਉਂ 'ਹਰਿ-ਨਾਮੁ' ਦੀ ਆਤਮਿਕ ਠੰਢ ਘਟਦੀ ਜਾਂਦੀ ਹੈ ਅਤੇ ਅਸੀਂ ਉਸੇ ਮਿਕਦਾਰ ਵਿਚ **'ਨਾਮ'** ਦੀਆਂ ਇਲਾਹੀ ਬਰਕਤਾਂ ਤੋਂ ਵਾਂਝੇ ਹੁੰਦੇ ਜਾਂਦੇ ਹਾਂ।

ਸਮਾਂ ਪਾ ਕੇ ਅਸੀਂ ਮਾਇਆ ਦੀ ਦਲਦਲ ਵਿਚ ਇਤਨਾ ਖੁੱਭ ਜਾਂਦੇ ਹਾਂ ਕਿ ਸਾਨੂੰ ਇਸ **'ਅਗਨ-ਸੋਕ-ਸਾਗਰ' ਤੋਂ ਬਾਹਰ** ਕਿਸੇ ਹੋਰ –

ਉਚੇਰੇ
ਚੰਗੇਰੇ
ਸੁਹਣੇਰੇ
ਸੁਖਦਾਈ
ਕਲਿਆਣਕਾਰੀ

**'ਆਤਮ-ਜੀਵਨ'** ਦਾ –

ਚੇਤਾ ਹੀ ਨਹੀਂ ਰਹਿੰਦਾ !
ਖਿਆਲ ਹੀ ਨਹੀਂ ਆਉਂਦਾ !
ਨਿਸਚਾ ਹੀ ਨਹੀਂ ਆਉਂਦਾ !

ਸ਼ਰਧਾ ਹੀ ਨਹੀਂ ਉਪਜਦੀ !!
ਲੋੜ ਹੀ ਨਹੀਂ ਭਾਸਦੀ !!!

ਜਨਮ-ਜਨਮਾਂਤਰਾਂ ਤੋਂ ਸਾਡਾ ਮਨ ਇਸ **'ਮਾਨਸਿਕ-ਅਗਨੀ'** ਵਿਚ ਸੜਦਾ-ਬਲਦਾ **'ਮਟਰੋੜ'** ਤੇ **'ਮਨੂਰ'** ਹੋ ਚੁੱਕਿਆ ਹੈ । ਇਹੀ ਕਾਰਣ ਹੈ ਕਿ ਇਸ ਵਿਚੋਂ ਨਿਕਲਣ ਦਾ ਸਾਨੂੰ ਕਦੇ ਖਿਆਲ ਹੀ ਨਹੀਂ ਆਇਆ, ਯਤਨ ਤਾਂ ਕੀ ਕਰਨਾ ਸੀ ! ਇਸ ਤਰ੍ਹਾਂ ਸਾਡੀ ਇਹ ਆਪੂੰ-ਸਹੇੜੀ **ਗੁਝੀ ਮਾਨਸਿਕ 'ਅੱਗ'** ਅੰਦਰੋ-ਅੰਦਰ ਸੁਲਘਦੀ ਰਹਿੰਦੀ ਹੈ ਜੋ ਕਿਸੇ ਮਾਮੂਲੀ ਜਿਹੀ ਬਾਹਰਲੀ ਉਕਸਾਹਟ ਨਾਲ ਭੜਕ ਉਠਦੀ ਹੈ ਅਤੇ ਭਾਂਬੜ ਬਣ ਕੇ ਸਾਰਾ ਆਲਾ-ਦੁਆਲਾ ਸਾੜ ਸੁਟਦੀ ਹੈ ।

ਜਦ ਕਦੇ ਇਹ ਮਾਨਸਿਕ-ਅਗਨੀ ਤੀਬਰ ਤੇ ਅਸਹਿ ਹੋ ਜਾਂਦੀ ਹੈ, ਤਾਂ ਇਸ ਦਾ ਦੋਸ਼ ਅਸੀਂ **'ਹੋਰਨਾਂ'** ਜਾਂ **'ਰੱਬ'** ਉਤੇ ਥੱਪ ਕੇ ਆਪਣਾ ਮਨ ਹੌਲਾ ਕਰ ਲੈਂਦੇ ਹਾਂ । ਇਸ ਦੇ ਨਾਲ-ਨਾਲ ਅਸੀਂ ਆਪਣੀ ਸਿਆਣਪ ਤੇ ਚਤੁਰਾਈ ਦੁਆਰਾ ਦੁਖਾਂ-ਕਲੇਸ਼ਾਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਾਂ । ਜਦ ਸਫਲਤਾ ਨਹੀਂ ਮਿਲਦੀ ਤਾਂ ਆਪਣੇ ਤੋਂ ਤਕੜੇ ਅਫਸਰਾਂ, ਵਜ਼ੀਰਾਂ, ਸੰਬੰਧੀਆਂ ਦੀ **'ਓਟ'** ਜਾਂ **'ਆਸਰਾ'** ਭਾਲਦੇ ਹਾਂ । ਜਦ ਕਿਸੇ ਤਰ੍ਹਾਂ ਵੀ ਕਾਮਯਾਬੀ ਨਹੀਂ ਮਿਲਦੀ ਤਾਂ ਸਾਧਾਂ, ਸੰਤਾਂ, ਪੀਰਾਂ-ਫ਼ਕੀਰਾਂ, ਦੇਵੀ-ਦੇਵਤਿਆਂ ਦੀ **'ਸ਼ਰਨ'** ਲਈ ਜਾਂਦੀ ਹੈ । ਜੇ ਇਕ ਸਾਧ-ਸੰਤ ਜਾਂ ਪੀਰ-ਫ਼ਕੀਰ ਕੋਲੋਂ ਕਾਰਜ ਰਾਸ ਨਾ ਆਵੇ ਤਾਂ ਦੂਜੇ ਦੀ **'ਟੇਕ'** ਤੱਕਦੇ ਹਾਂ, ਜਦ ਕਿ ਗੁਰਬਾਣੀ ਸਾਨੂੰ ਸੁਚੇਤ ਕਰਦੀ ਹੈ –

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ (ਪੰਨਾ-281)

ਇਥੇ ਹੀ ਬਸ ਨਹੀਂ, ਜੀਵ ਆਪਣੇ ਦੁਖਾਂ-ਕਲੇਸ਼ਾਂ ਤੋਂ ਬਚਣ ਲਈ ਜਾਂ ਮਾਇਕੀ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਦਰ-ਦਰ ਭਟਕਦਾ ਹੈ, ਕਈ ਪ੍ਰਕਾਰ ਦੇ **'ਨਸ਼ਿਆਂ'** ਜਾਂ ਨੀਵੇਂ **'ਮਨੋਰੰਜਨ ਦੇ ਸਾਧਨਾਂ'** ਵਿਚ ਆਪਣੇ ਆਪ ਨੂੰ ਭੁਲਾਉਣ ਦੀ ਕੋਸ਼ਿਸ਼ ਕਰਦਾ ਹੈ । ਇਹ ਸਾਰੇ 'ਸਾਧਨ' ਮਾਨਸਿਕ-ਸਮੱਸਿਆਵਾਂ ਨੂੰ ਭੁਲਾਉਣ ਜਾਂ ਉਨ੍ਹਾਂ ਤੋਂ ਬਚਣ ਦੇ **ਆਰਜ਼ੀ-ਉਪਾਅ** ਹਨ, ਜਿਨ੍ਹਾਂ ਨਾਲ ਕੁਝ ਚਿਰ ਲਈ ਓਪਰੀ ਜਿਹੀ ਖੁਸ਼ੀ ਜਾਂ ਤਸੱਲੀ ਤਾਂ ਮਿਲਦੀ ਹੈ, ਪਰ ਮਨ ਦੇ **ਅੰਦਰਲੇ ਗੁਝੇ ਭਾਂਬੜ ਨਹੀਂ ਬੁਝਦੇ,** ਨਾ ਹੀ ਹਿਰਦੇ ਵਿਚ ਠੰਢ ਪੈਂਦੀ ਹੈ ।

**ਜਿਥੇ ਅੱਗ ਹੈ, ਉਥੇ ਠੰਢ ਨਹੀਂ ਹੋ ਸਕਦੀ !**
**ਜਿਥੇ ਠੰਢ ਹੈ, ਉਥੇ ਗਰਮੀ ਦੀ ਅਣਹੋਂਦ ਹੈ !!**
**ਅੱਗ ਦੇ ਭਾਂਬੜ ਵਿਚੋਂ ਠੰਢ ਲੱਭਣੀ ਹਾਸੋ–ਹੀਣੀ ਮੂਰਖਤਾ ਹੈ !!!**

ਪਰ ਅਸੀਂ ਬੜੇ ਸਿਆਣੇ, ਵਿਦਵਾਨ ਤੇ ਅਕਲ-ਲਤੀਫ਼ ਕਹਾਉਂਦੇ ਹੋਏ ਵੀ ਹਉਮੈ ਦੇ ਭਰਮ-ਭੁਲਾਵੇ ਅਧੀਨ **'ਤ੍ਰਿਸ਼ਨਾਵਾਂ ਦੀ ਪੂਰਤੀ'** ਵਿਚੋਂ ਮਨ ਦਾ ਸੁਖ, ਸ਼ਾਂਤੀ ਤੇ ਠੰਢ ਭਾਲਦੇ ਹਾਂ । ਸਾਡੀ ਇਸ ਹਾਲਤ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ –

ਆਸਾ ਮਨਸਾ ਮੋਹਣੀ ਤਾਮਸੁ ਤਿਸਨਾ ਸਾਂਤਿ ਨ ਆਵੈ ।
ਬਲਦੀ ਅੰਦਰਿ ਤੇਲੁ ਪਾਇ ਕਿਉ ਮਨੁ ਮੂਰਖੁ ਅਗਿ ਬੁਝਾਵੈ । (ਵਾ.ਭਾ.ਗੁ. 15/9)

ਇਸ ਗੁਝੀ ਮਾਨਸਿਕ ਅੱਗ ਤੋਂ ਛੁਟਕਾਰਾ ਪਾਉਣ ਲਈ ਅਸੀਂ ਧਾਰਮਿਕ-ਅਸਥਾਨਾਂ ਵਲ ਦੌੜਦੇ ਹਾਂ, ਪਰ ਉਥੇ ਵੀ ਅਸੀਂ ਆਪਣੀ ਅੰਦਰਲੀ ਅੱਗ **ਨਾਲ ਲੈ ਜਾਂਦੇ ਹਾਂ ।** ਧਰਮ-ਅਸਥਾਨਾਂ ਨੂੰ ਵੀ ਅਸੀਂ ਈਰਖਾ-ਦਵੈਤ, ਵੈਰ-ਵਿਰੋਧ, ਲਾਲਚ, ਬੇਈਮਾਨੀ ਤੇ 'ਮਜ਼ਹਬੀ-ਤਅੱਸੁਬ' ਦੀ ਅੱਗ ਲਾਈ ਹੋਈ ਹੈ ।

ਮਾਇਆ ਡਰ ਡਰਪਤ ਹਾਰਿ ਗੁਰ ਦੁਆਰਿ ਜਾਵੈ ।
ਤਹਾ ਜਉ **ਮਾਇਆ ਬਿਆਪੈ** ਕਹਾਂ ਠਹਰਾਈਐ । (ਕ.ਭਾ.ਗੁ. 544)

ਜੀਵਨ ਦੇ ਹਰ ਖੇਤਰ ਵਿਚ ਇਸ ਅੱਗ ਦੇ ਭਾਂਬੜ ਮੱਚ ਰਹੇ ਹਨ, ਜਿਨ੍ਹਾਂ ਵਿਚ ਸੜਦੀ-ਬਲਦੀ ਲੁਕਾਈ ਪੁਕਾਰ ਰਹੀ ਹੈ –

ਹਾਏ ! ਠੰਢ ਕਿਥੇ ?

ਗੁਰੂ ਬਾਬੇ ਨੇ ਇਸ ਵਿਸ਼ਵ-ਹਿਰਦੇ ਦੀ ਪੁਕਾਰ ਸੁਣ ਕੇ ਖਲਕਤ ਨੂੰ ਗੁਰਬਾਣੀ ਰਾਹੀਂ ਇਉਂ ਆਤਮਿਕ ਜੀਵਨ-ਸੇਧ ਬਖਸ਼ੀ ਹੈ –

**ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥**
**ਤੁਝੈ ਨ ਲਾਗੈ ਤਾਤਾ ਝੋਲਾ ॥** (ਪੰਨਾ-179)

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ (ਪੰਨਾ-819)

ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥ (ਪੰਨਾ-210)

ਇਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ (ਪੰਨਾ-571)

ਜਦ ਨਿੱਕੇ ਬੱਚੇ ਨੂੰ ਸੱਟ ਵੱਜਦੀ ਹੈ ਜਾਂ ਕੁੱਤੇ-ਬਿੱਲੇ ਪੈਂਦੇ ਹਨ ਤਾਂ ਉਹ 'ਮੰਮੀ-ਮੰਮੀ' ਪੁਕਾਰਦਾ ਹੈ ਜਾਂ ਭੱਜ ਕੇ 'ਮਾਂ' ਕੋਲ ਜਾਂਦਾ ਹੈ ਕਿਉਂਕਿ ਉਸ ਨੂੰ **ਪੱਕਾ ਨਿਸਚਾ** ਹੁੰਦਾ ਹੈ ਕਿ ਉਸਦੀ '**ਮਾਂ**' ਉਸ ਨੂੰ ਆਫਤ ਤੋਂ ਜ਼ਰੂਰ ਬਚਾ ਲਵੇਗੀ । ਮਾਂ ਦੀ **ਗੋਦ** ਅਥਵਾ '**ਓਲਾ**' ਹੀ ਉਸ ਲਈ ਸਭ ਤੋਂ ਸੁਰੱਖਿਅਤ ਥਾਂ ਹੈ, ਜਿਥੇ ਕੋਈ ਦੁੱਖ ਕਲੇਸ਼ ਜਾਂ ਆਫਤ ਨਹੀਂ ਪਹੁੰਚ ਸਕਦੀ ।

ਪਾਇਓ ਬਾਲ ਬੁਧਿ ਸੁਖੁ ਰੇ ॥ (ਪੰਨਾ-214)

ਇਸ ਤਰ੍ਹਾਂ ਦੇ **ਪੂਰਨ ਨਿਸਚੇ** ਜਾਂ **ਸ਼ਰਧਾ-ਭਾਵਨੀ** ਨਾਲ ਸਤਿਗੁਰਾਂ ਨੂੰ ਪੁਕਾਰਨਾ ਜਾਂ **'ਸਿਮਰਨ'** ਕਰਨਾ ਹੀ **ਸਤਿਗੁਰੂ ਦੀ ਚਰਣ-ਸਰਣ ਜਾਣਾ ਹੈ, ਉਸ ਦੀ ਓਟ ਲੈਣੀ ਹੈ ।** ਅਕਾਲ ਪੁਰਖ ਦੇ **'ਹੁਕਮ'** ਦੀ ਸਹਿਜ-ਚਾਲ ਵਿਚ ਆਪਣੀ ਨਿੱਕੀ ਜਿਹੀ ਮਨ-ਮਰਜ਼ੀ ਨੂੰ ਰਲਾਉਣਾ ਹੀ **ਉਸ ਦਾ 'ਓਲਾ' ਲੈਣਾ ਹੈ ।** ਮਨ ਦੀਆਂ ਸਿਆਣਪਾਂ, ਉਕਤੀਆਂ-ਜੁਗਤੀਆਂ, ਏਹੜ-

ਤੇਹੜ, ਹਉਮੈ, ਮੈਂ-ਮੇਰੀ ਨੂੰ ਮਾਇਆ ਵਲੋਂ ਮੋੜ ਕੇ ਸਤਿਗੁਰੂ ਦੇ **'ਹੁਕਮ'** ਦੇ ਪ੍ਰਾਇਣ ਜਾਂ **ਆਤਮ-ਪ੍ਰਾਇਣ** ਕਰਨਾ ਹੀ **'ਭਜਿ ਪਏ ਹਰਿ ਸਰਣਾਈ ਹੈ'।**

ਜਦ ਜੰਗਲ ਨੂੰ ਅੱਗ ਲੱਗ ਜਾਵੇ ਤਾਂ ਹਿਰਨ ਆਦਿ ਜੰਗਲੀ ਜੀਵ ਨਦੀ ਵਿਚ ਛਾਲ ਮਾਰ ਕੇ ਆਪਣੇ ਆਪ ਨੂੰ ਅੱਗ ਦੇ ਸੇਕ ਤੋਂ ਬਚਾ ਲੈਂਦੇ ਹਨ । ਇਸੇ ਤਰ੍ਹਾਂ **ਗੁਰਮੁਖ-ਜਨ** ਅਥਵਾ **ਹਰਿ-ਜਨ ਪਿਆਰੇ** ਆਪਣੀ ਕੂੜੀ ਹਉਮੈ ਅਥਵਾ ਮਾਇਕੀ –

ਸਿਆਣਪਾਂ
ਉਕਤੀਆਂ-ਜੁਗਤੀਆਂ
ਏਹੜ-ਤੇਹੜ
ਗਿਆਨ
ਫ਼ਿਲਾਸਫ਼ੀਆਂ
ਕਿਉਂ ? ਕਿਆ ? ਕੈਸੇ ?

ਵਾਲੀ ਬੁੱਧੀ ਦੇ ਚਿੰਤਾ-ਫਿਕਰ-ਤੌਖਲੇ ਆਦਿ ਛੱਡ ਕੇ, ਨਿੱਕੇ ਬੱਚੇ (baby) ਵਾਂਗ, ਭੋਲੇ-ਭਾਇ ਸਤਿਗੁਰੂ ਦੀ ਪ੍ਰੇਮ-ਸਵੈਪਨਾ ਦੀ ਨਿੱਘੀ ਗੋਦ ਦਾ **ਓਲਾ** ਲੈਂਦੇ ਹਨ, ਸਾਧ-ਸੰਗਤ ਵਿਚ ਵਿਚਰਦਿਆਂ **ਅਟੁੱਟ 'ਸਿਮਰਨ'** ਦੁਆਰਾ 'ਸ਼ਬਦ-ਸੁਰਤ' ਵਿਚ ਲਿਵ ਲਾਉਂਦੇ ਹਨ ਤਾਂ ਸਤਿਗੁਰੂ ਦੀਆਂ ਸਭੇ ਬਖਸ਼ਿਸ਼ਾਂ ਦੇ ਪਾਤਰ ਬਣਦੇ ਹਨ । ਸਤਿਗੁਰੂ ਉਸ ਗੁਰਮੁਖ-ਰੂਹ ਨੂੰ ਇਉਂ ਪਿਆਰ ਨਾਲ ਨਿਵਾਜਦਾ ਹੈ –

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ ਨਹੀਂ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥
ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥ (ਪੰਨਾ-1101-02)

ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥
ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥ (ਪੰਨਾ-1213)

ਪਰ ਕੋਈ ਵਿਰਲੇ, ਬਖਸ਼ੇ ਹੋਏ **'ਗੁਰਮੁਖ-ਜਨ'** ਹੀ ਇਸ **'ਆਤਿਸ਼-ਦੁਨੀਆਂ'** ਵਿਚ ਹਰਿ ਨਾਮ ਦਾ **'ਓਲਾ'** ਲੈ ਕੇ ਇਲਾਹੀ ਪ੍ਰੀਤ ਦਾ ਠੰਢ ਮਾਣਦੇ ਹਨ –

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ
ਕੋਈ ਹਰਿਆ ਬੂਟੁ ਰਹਿਓ ਰੀ ॥ (ਪੰਨਾ-384)

ਗੁਰਬਾਣੀ ਵਿਚ ਬਾਰ-ਬਾਰ ਸਾਨੂੰ ਐਸੇ ਬਖਸ਼ੇ ਹੋਏ, ਆਤਮਿਕ-ਠੰਢ ਵਿਚ ਵਿਚਰ ਰਹੇ ਗੁਰਮੁਖ-ਜਨਾਂ ਦੀ ਸੰਗਤ ਕਰਨ ਦਾ ਤਾਕੀਦੀ ਹੁਕਮ ਕੀਤਾ ਗਿਆ ਹੈ –

ਮਨ ਮੇਰੇ ਤਿਨ ਕੀ **ਓਟ ਲੇਹਿ ॥**
ਮਨੁ ਤਨੁ ਅਪਨਾ ਤਿਨ ਜਨ ਦੇਹਿ ॥
ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥
ਸੋ ਜਨੁ ਸਰਬ ਥੋਕ ਕਾ ਦਾਤਾ ॥
**ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥**
ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥
ਅਵਰ ਸਿਆਨਪ ਸਗਲੀ ਛਾਡੁ ॥
**ਤਿਸੁ ਜਨ ਕੀ ਤੂ ਸੇਵਾ ਲਾਗੁ ॥** (ਪੰਨਾ-286)

ਇਨਸਾਨ ਦੀ ਅਕਾਲ-ਪੁਰਖ ਉਤੇ ਓਟ ਅਤੇ ਅਕਾਲ-ਪੁਰਖ ਦਾ ਆਪਣੀ 'ਅੰਸ਼' ਜੀਵਾਂ ਲਈ –

'ਸਦ-ਬਖਸ਼ਿੰਦ'
'ਸਦਾ-ਮਿਹਰਵਾਨਾ'
'ਅਉਗੁਣ ਕੋ ਨ ਚਿਤਾਰੇ'
'ਪ੍ਰੇਮ ਸਹਿਤ ਗਲ ਲਾਵੈ'

ਵਾਲੇ ਇਲਾਹੀ ਬਿਰਦ ਨੂੰ ਦਰਸਾਉਣ ਲਈ **ਮਾਂ-ਬੱਚੇ ਦੀ ਪ੍ਰੀਤ** ਇਕ ਸਰਵੋਤਮ ਉਦਾਹਰਣ ਹੈ ।

ਬੱਚਾ ਜਦ ਮਾਂ ਦੀ 'ਕੁਖ' ਵਿਚ ਹੁੰਦਾ ਹੈ ਤਾਂ ਉਸ ਦੀ ਲਿਵ ਕਰਤੇ ਨਾਲ ਜੁੜੀ ਹੋਣ ਕਰਕੇ ਉਸ ਦੇ ਵਿਗਸਣ ਤੇ ਪ੍ਰਫੁਲਿਤ ਹੋਣ ਲਈ ਸਾਰਾ ਪ੍ਰਬੰਧ **'ਇਲਾਹੀ ਮਾਤਾ'** ਅਕਾਲ-ਪੁਰਖ ਦੁਆਰਾ ਸਹਿਜ-ਸੁਭਾਇ ਹੀ ਹੁੰਦਾ ਰਹਿੰਦਾ ਹੈ । ਨੌਂ ਮਹੀਨੇ ਮਾਂ ਦੇ ਪੇਟ ਦੀ 'ਜੱਠਰ-ਅਗਨੀ' ਵਿਚ ਅਕਾਲ-ਪੁਰਖ ਦੇ ਅਟੁੱਟ **ਸਿਮਰਨ ਦਾ 'ਓਲਾ'** ਹੀ ਉਸ ਨੂੰ ਬਚਾਈ ਰੱਖਦਾ ਹੈ –

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹਿ ਤੁਮ ਰਾਖਨਹਾਰੇ ॥ (ਪੰਨਾ-613)

ਜਨਮ ਤੋਂ ਬਾਅਦ ਵੀ ਨਿੱਕੇ ਬੱਚੇ (baby) ਨੂੰ ਆਪਣੇ ਆਪ ਦੀ ਸੋਝੀ ਨਹੀਂ ਹੁੰਦੀ । ਉਸ ਦੀ ਆਪਣੀ **'ਮਾਂ'** ਉਤੇ ਭੋਲੇ-ਭਾਇ **'ਟੇਕ' ਤੇ ਸ਼ਰਧਾ-ਭਾਵਨੀ** ਹੁੰਦੀ ਹੈ, ਇਸ ਲਈ 'ਦੁਵੱਲੀ ਖਿੱਚ' ਅਨੁਸਾਰ **ਮਾਂ** ਵੀ ਆਪਣਾ ਆਪਾ ਵਾਰ ਕੇ **'ਨਵ-ਜਨਮੇ' ਬੱਚੇ** ਦੀ ਸੰਭਾਲ, ਪਾਲਣ-ਪੋਸ਼ਣ ਅਤੇ ਜੀਵਨ ਦੀਆਂ ਸਾਰੀਆਂ ਲੋੜਾਂ ਦਾ ਫਿਕਰ ਤੇ ਇੰਤਜ਼ਾਮ ਕਰਦੀ ਹੈ । ਬੱਚੇ ਨੂੰ ਆਪਣੇ ਲਈ ਕੋਈ ਸਿਆਣਪ, ਚਾਤਰੀ, ਪ੍ਰਬੰਧ, ਫਿਕਰ, ਚਿੰਤਾ ਜਾਂ ਦੌੜ-ਭੱਜ ਕਰਨ ਦੀ ਲੋੜ ਨਹੀਂ ਪੈਂਦੀ, ਕਿਉਂਕਿ ਉਸ ਨੂੰ **ਦ੍ਰਿੜ੍ਹ ਵਿਸ਼ਵਾਸ** ਹੁੰਦਾ ਹੈ ਕਿ ਉਸ ਦੀ ਕੋਈ ਆਪਣੀ –

ਪਿਆਰ ਕਰਨ ਵਾਲੀ
ਰਾਖੀ ਕਰਨ ਵਾਲੀ
ਸੰਭਾਲਣ ਵਾਲੀ
ਖੇਲ-ਖਿਲਾਉਣ ਵਾਲੀ
ਲਾਡ ਲਡਾਉਣ ਵਾਲੀ
ਫਿਕਰ ਕਰਨ ਵਾਲੀ
ਸ਼ੁਭ-ਚਿੰਤਕ

**ਹਸਤੀ** ਹੈ, ਜੋ ਉਸ ਦੀ ਪਿਆਰ-ਭਾਵਨਾ ਨਾਲ **ਪ੍ਰਵਰਿਸ਼** ਕਰਦੀ ਹੈ । ਉਸ ਦੇ ਭੋਲੇ-ਭਾਇ ਨਿਸਚੇ ਅਨੁਸਾਰ **'ਮਾਂ'** ਹੀ ਉਸ ਦਾ ਰੱਬ, ਗੁਰੂ ਅਤੇ ਦਾਤੀ ਹੈ । ਇਸ ਲਈ ਬੱਚਾ –

ਬੇ-ਫਿਕਰ ਹੋ ਕੇ
ਆਸਾ-ਮਨਸਾ ਰਹਿਤ
ਨਿੱਸਲ ਹੋ ਕੇ
ਨਿਸਚਿੰਤ ਹੋ ਕੇ

ਆਪਣੇ ਮਾਂ-ਬਾਪ ਦੀ **ਪੂਰਨ ਓਟ ਤੇ ਛਤ੍ਰਛਾਇਆ** ਹੇਠ ਖੇਲਦਾ-ਮਲ੍ਹਦਾ, ਚਾਉ ਵਿਚ, ਖੁਸ਼ੀ ਵਿਚ, ਖੇੜੇ ਵਿਚ, 'ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰ ਜਾਹਿ' ਅਨੁਸਾਰ **ਕੁਦਰਤੀ ਸਹਿਜ-ਜੀਵਨ** ਬਤੀਤ ਕਰਦਾ ਹੈ ।

ਓਧਰ ਘਰ ਦੇ ਕੰਮਾਂ-ਕਾਰਾਂ ਵਿਚ ਰੁਝੀ ਹੋਈ **'ਮਾਂ'** ਆਪਣੇ **ਬੱਚੇ** ਵਿਚ **ਲਿਵ ਲਾਈ ਰੱਖਦੀ ਹੈ** । ਚੁਲ੍ਹੇ ਵਿਚ ਅੱਗ ਬਾਲਦੀ, ਚੱਕੀ ਝੌਂਹਦੀ, ਪਸੀਨੇ ਦੀ 'ਬੋ' ਨਾਲ ਲਿਬੜੀ-ਤਿਬੜੀ ਮਾਂ ਦੀ ਗੋਦੀ ਵਿਚ ਬੱਚਾ ਰਿੜ੍ਹਦਾ-ਫਿਰਦਾ ਆ ਜਾਂਦਾ ਹੈ ਤੇ ਮਾਂ ਦੇ ਪਿਆਰ ਦੀਆਂ ਅੰਮ੍ਰਿਤ-ਘੁੱਟਾਂ ਭਰਦਾ ਸਭ ਕੁਝ ਭੁੱਲ ਜਾਂਦਾ ਹੈ ।

ਜੇਕਰ ਬੱਚਾ ਖੇਡਦਾ-ਖੇਡਦਾ ਸੜਿਹਾਂਦ ਵਾਲੀ ਥਾਂ ਜਾਂ ਚਿਕੜ-ਗਾਰੇ ਵਿਚ ਡਿਗ ਪਵੇ, ਗੰਦਾ ਹੋ ਜਾਵੇ, ਉਸ ਦੇ ਸੱਟ ਲਗ ਜਾਵੇ, ਤਾਂ ਮਾਂ ਭਾਵੇਂ ਪੂਰੀ ਤਰ੍ਹਾਂ ਸਜੀ–ਧਜੀ, ਹਾਰ-ਸ਼ਿੰਗਾਰ ਕਰੀ ਬੈਠੀ ਹੋਵੇ, ਕੀਮਤੀ ਤੋਂ ਕੀਮਤੀ ਕਪੜੇ ਪਾਏ ਹੋਣ – ਪਰ ਆਪਣੇ 'ਲਾਲ', ਜਿਗਰ ਦੇ ਟੋਟੇ ਦੀ ਆਵਾਜ਼ ਸੁਣ ਕੇ ਉਸੇ ਵੇਲੇ ਭਜ ਉਠੇਗੀ, ਰੋਂਦੇ-ਕੁਰਲਾਉਂਦੇ, ਲਿਬੜੇ-ਤਿਬੜੇ ਬੱਚੇ ਨੂੰ ਆਪਣੀ ਹਿੱਕ ਨਾਲ ਲਾ ਲਵੇਗੀ, ਪਿਆਰ ਨਾਲ ਚੁੰਮ-ਚੱਟ ਕੇ ਉਸ ਨੂੰ ਅਸੀਸਾਂ ਦਿੰਦੀ, ਲੋਰੀਆਂ ਦਿੰਦੀ, ਥਾਪੜ-ਥਾਪੜ ਕੇ ਸੁਆਏਗੀ । ਮਾਂ ਦੀ ਇਸ ਸੇਵਾ-ਭਾਵਨਾ ਵਿਚ ਨਾ ਕੋਈ ਸੁਆਰਥ ਹੈ, ਨਾ ਹੀ **ਮੁਕਤੀ ਦੀ ਇੱਛਾ !** ਸਗੋਂ ਮਾਂ ਤਾਂ **ਬੱਚੇ ਦੀ ਪਿਆਰ-ਖਿੱਚ** ਵਿਚ **ਆਪਾ ਵਾਰ ਕੇ ਉਸ ਸਿਰਜਣਹਾਰ ਦੇ 'ਹੁਕਮ ਦੀ ਕਾਰ' ਕਮਾਉਂਦੀ ਹੈ।** ਇਹ ਮਾਂ-ਬੱਚੇ ਦੇ ਪਿਆਰ ਦਾ ਅਲੌਕਿਕ ਇਲਾਹੀ ਕ੍ਰਿਸ਼ਮਾ ਹੈ ।

ਪਰ ਇਹ **ਮਾਂ-ਪਿਆਰ** ਜਾਂ **'ਮੋਹ'** ਦੀ ਛਤ੍ਰਛਾਇਆ ਬੱਚੇ ਤੇ ਉਤਨਾ ਚਿਰ ਕੰਮ ਕਰਦੀ ਹੈ, ਜਿੰਨਾ ਚਿਰ ਬੱਚਾ ਮਾਂ ਦੇ ਖਿਆਲਾਂ, ਰੀਝਾਂ ਤੇ ਪਿਆਰ-ਭਾਵਨਾ ਦੇ ਪ੍ਰਾਇਣ ਜਾਂ ਸੁਰ ਵਿਚ (in tune) ਰਹਿੰਦਾ ਹੈ, ਉਸ ਦੀ **'ਓਟ'** ਜਾਂ **'ਓਲਾ'** ਲੈਂਦਾ ਹੈ । ਜਦੋਂ ਬੱਚਾ ਸਿਆਣਾ, **ਆਪ-ਹੁਦਰਾ** ਤੇ ਮਾਂ ਦੀ **ਪਿਆਰ-ਭਾਵਨਾ** ਤੋਂ **'ਬੇ-ਸੁਰਾ' ਹੋ ਕੇ** ਆਪਣੀ ਮਨਮਰਜ਼ੀ ਕਰਦਾ ਹੈ ਤਾਂ ਉਹ ਮਾਂ-ਪਿਆਰ ਦੇ ਨਿੱਘ ਅਤੇ ਸ਼ੁਭ-ਇੱਛਾਵਾਂ ਤੋਂ ਵਾਂਝਾ ਹੁੰਦਾ ਜਾਂਦਾ ਹੈ ਅਤੇ ਆਪਣੇ ਕਰਮਾਂ ਦਾ ਨਤੀਜਾ ਭੁਗਤਦਾ, ਠੋਕਰਾਂ ਖਾਂਦਾ ਹੈ – ਜਿਸ ਲਈ ਉਹ ਆਪ ਜ਼ਿੰਮੇਵਾਰ ਹੁੰਦਾ ਹੈ।

ਇਸ ਦਾ ਕਾਰਣ ਇਹ ਹੈ ਕਿ ਜਦ ਬੱਚਾ ਆਪ-ਹੁਦਰਾ ਹੋ ਕੇ 'ਮਾਂ-ਪਿਆਰ' ਤੋਂ ਪਰ੍ਹੇ ਹੋ ਜਾਂਦਾ ਹੈ ਜਾਂ ਉਸ ਦਾ **'ਓਲਾ'** ਛੱਡ ਦਿੰਦਾ ਹੈ ਤਾਂ ਉਸ ਦਾ ਆਪਣੇ 'ਮਾਂ-ਪਿਆਰ' ਰੂਪੀ **'ਸੋਮੇ'** ਨਾਲੋਂ ਸੰਬੰਧ ਟੁੱਟ ਜਾਂਦਾ ਹੈ ਤੇ ਉਹ ਰੁੱਖਾ-ਸੁੱਖਾ ਜੀਵਨ ਬਤੀਤ ਕਰਦਾ ਆਪਣੀ ਕਰਨੀ ਦਾ ਨਤੀਜਾ ਆਪ ਭੁਗਤਦਾ ਹੈ । ਫਿਰ ਵੀ **'ਮਾਂ'** ਦੇ ਹਿਰਦੇ ਵਿਚ 'ਮਾਂ-ਪਿਆਰ' ਦੇ ਸ਼ੁਭ-ਖਿਆਲ ਤੇ ਅਸੀਸਾਂ ਉਸੇ ਤਰ੍ਹਾਂ ਕਾਇਮ ਰਹਿੰਦੇ ਹਨ ਤੇ ਜਦ ਵੀ ਬੱਚਾ ਆਪਣੀਆਂ ਸਿਆਣਪਾਂ ਤੇ 'ਆਪ-ਹੁਦਰੇ'-ਪਨ ਤੋਂ ਦੁਖੀ ਹੋ ਕੇ **ਮਾਂ ਦੀ ਸ਼ਰਨ ਲੈਂਦਾ ਹੈ,** ਤਾਂ **ਮਾਂ** ਉਸ ਨੂੰ ਫਿਰ ਗਲ ਲਾਉਂਦੀ ਹੈ ਤੇ ਆਪਣਾ ਨਿੱਘਾ ਪਿਆਰ ਤੇ ਸ਼ੁਭ ਅਸੀਸਾਂ ਦਿੰਦੀ ਹੈ ।

ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥
ਤਾ ਭੀ ਚੀਤਿ ਨ ਰਾਖਸਿ ਮਾਇਆ ॥ (ਪੰਨਾ-478)

ਇਸੇ ਤਰ੍ਹਾਂ ਜਦ ਅਸੀਂ ਹਉਮੈ ਦੇ ਭਰਮ-ਭੁਲਾਵੇ ਅਧੀਨ ਅਕਾਲ-ਪੁਰਖ ਦਾ **ਆਸਰਾ ਜਾਂ 'ਟੇਕ'** ਛੱਡ ਕੇ, **'ਦੂਜੇ-ਭਾਵ'** ਵਿਚ ਆ ਕੇ, ਪੰਜਾਂ ਦੇ ਵੱਸ ਪੈ ਕੇ ਆਪਣੀ **'ਇਲਾਹੀ-ਮਾਤਾ'** ਦੇ ਪਿਆਰ ਤੋਂ ਮੂੰਹ ਮੋੜਦੇ ਹਾਂ, ਜਾਂ ਉਸ ਦਾ **'ਓਲਾ'** ਛੱਡ ਕੇ ਮਾਇਆ ਦੇ ਚਿਲਕਵੇਂ ਕ੍ਰਿਸ਼ਮਿਆਂ ਵਿਚ ਗਲਤਾਨ ਹੋ ਜਾਂਦੇ ਹਾਂ, ਤਾਂ ਉਸ ਦੇ ਸਾਰੇ ਦੈਵੀ **ਗੁਣਾਂ, ਬਰਕਤਾਂ ਤੇ ਬਖਸ਼ਿਸ਼ਾਂ** ਤੋਂ ਵਾਂਝੇ ਹੋ ਜਾਂਦੇ ਹਾਂ ।

ਬਿਜਲੀ ਦੇ ਕਰੰਟ ਤੋਂ ਲਾਭ ਲੈਣ ਲਈ ਤਾਰਾਂ ਦਾ ਮੇਲ ਜ਼ਰੂਰੀ ਹੈ । ਇਸੇ ਤਰ੍ਹਾਂ ਅਕਾਲ-ਪੁਰਖ ਦੀਆਂ ਬੇਅੰਤ, ਅਪਾਰ, ਸੁਖਦਾਈ ਤੇ ਕਲਿਆਣਕਾਰੀ **'ਦਾਤਾਂ'** ਦੇ ਪਾਤਰ ਬਣਨ ਲਈ ਸਾਡੇ **ਮਨ ਦੀਆਂ ਬਿਰਤੀਆਂ ਦੀ ਤਾਰ** ਸਾਡੇ ਅੰਤ੍ਰਆਤਮੇ **'ਹਰਿ-ਨਾਮ'** ਨਾਲ ਜੁੜੀ ਹੋਣੀ ਚਾਹੀਦੀ ਹੈ ।

ਇਸ ਉਦਾਹਰਣ ਤੋਂ ਸਪਸ਼ਟ ਹੈ ਕਿ ਸਾਡੀ **ਸ਼ਰਧਾ-ਭਾਵਨੀ** ਵਿਚ **ਵਿਘਨ ਪੈਣ ਨਾਲ** ਹੀ ਅਸੀਂ **'ਰੱਬੀ ਪਿਆਰ'** ਦੀ ਤਾਰ ਨਾਲੋਂ ਟੁੱਟ ਜਾਂਦੇ ਹਾਂ ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ (ਪੰਨਾ–135)

**ਸਾਡੀ ਹਉਮੈ ਦੇ ਭਰਮ-ਭੁਲਾਵੇ ਵਿਚੋਂ ਉਪਜੀ ਸਿਆਣਪ, ਚਾਤਰੀ, ਏਹੜ-ਤੇਹੜ ਤੇ ਕਿੰਤੂ-ਪ੍ਰੰਤੂ ਹੀ ਸਾਨੂੰ 'ਇਲਾਹੀ-ਮਾਤਾ' – ਪਰਮੇਸ਼ਰ ਦੀ ਨਿੱਘੀ ਗੋਦ ਤੋਂ ਵਾਂਝਿਆਂ ਰੱਖਦੇ ਹਨ ।** ਜਿਉਂ-ਜਿਉਂ ਅਸੀਂ ਅਕਾਲ-ਪੁਰਖ ਦੀ 'ਓਟ' ਛੱਡ ਕੇ ਸ਼ਰਧਾ-ਹੀਣ, ਭਾਵਨਾ-ਹੀਣ, ਪਿਆਰ-ਹੀਣ ਹੁੰਦੇ ਜਾਂਦੇ ਹਾਂ, ਤਿਉਂ-ਤਿਉਂ ਸਾਡੀ ਪ੍ਰੀਤ-ਡੋਰੀ ਦੀ ਖਿੱਚ ਕਮਜ਼ੋਰ ਹੁੰਦੀ ਜਾਂਦੀ ਹੈ ਅਤੇ ਇਸ ਤੋਂ ਪ੍ਰਾਪਤ ਹੋਣ ਵਾਲੀਆਂ ਇਲਾਹੀ-ਦਾਤਾਂ ਅਤੇ ਗੁਣ ਘਟਦੇ ਜਾਂਦੇ ਹਨ।

ਜਿਸ ਤਰ੍ਹਾਂ ਸ਼ਾਮ ਹੋਣ ਨਾਲ ਚਾਨਣ ਘਟਦਾ ਜਾਂਦਾ ਹੈ ਤੇ ਹਨੇਰਾ ਵੱਧਦਾ ਜਾਂਦਾ ਹੈ, ਇਸੇ ਤਰ੍ਹਾਂ ਜਦ ਇਨਸਾਨ 'ਨਾਮ' ਦੇ **ਆਤਮ-ਪ੍ਰਕਾਸ਼** ਤੋਂ ਦੂਰ ਹੁੰਦਾ ਜਾਂਦਾ ਹੈ, ਮਾਇਕੀ ਤ੍ਰਿਸ਼ਨਾਵਾਂ ਤੇ ਭਰਮ-ਭੁਲਾਵੇ ਦਾ **'ਹਨੇਰ'** ਵਧਦਾ ਜਾਂਦਾ ਹੈ ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥ (ਪੰਨਾ-921)

ਫਿਰ ਵੀ ਜਦ ਕਦੇ ਸਤਿਸੰਗ ਕਰਦਿਆਂ ਜੀਵ ਦੀ ਆਤਮਾ ਕਿਸੇ ਤਰ੍ਹਾਂ **ਜਾਗ ਪਵੇ** ਤੇ ਉਹ ਠੱਗਣੀ ਮਾਇਆ ਦੇ ਜਾਲ ਵਿਚੋਂ ਨਿਕਲਣ ਲਈ ਪਰਮਾਤਮਾ ਦੀ **ਸ਼ਰਨ ਆਵੇ,** ਤਾਂ ਆਪਣੇ ਬਿਰਦ ਨੂੰ ਪਾਲਦੀ ਹੋਈ **'ਇਲਾਹੀ ਮਾਤਾ'** ਉਸ ਉਤੇ ਮਿਹਰਬਾਨ ਹੁੰਦੀ ਹੈ ਅਤੇ ਆਪਣੇ ਦਰੋਂ-ਘਰੋਂ ਦੈਵੀ ਬਖਸ਼ਿਸ਼ਾਂ ਨਾਲ ਉਸ ਨੂੰ ਨਿਵਾਜਦੀ ਹੈ ।

ਜੋ **ਸਰਣਿ ਆਵੈ** ਤਿਸੁ ਕੰਠਿ ਲਾਵੈ<br>
ਇਹੁ ਬਿਰਦੁ ਸੁਆਮੀ ਸੰਦਾ ॥ (ਪੰਨਾ-544)

ਜੋ ਤੇਰੀ **ਸਰਣਾਈ** ਹਰਿ ਜੀਉ ਤਿਨ ਕੀ ਕਰਹਿ ਪ੍ਰਤਿਪਾਲ ॥ (ਪੰਨਾ-1333-34)

ਸਾਡੇ ਇਲਾਹੀ ਮਾਤਾ-ਪਿਤਾ ਨੂੰ ਪਤਾ ਸੀ ਕਿ ਇਨਸਾਨ ਆਪਣੀ ਹਉਮੈ ਅਧੀਨ ਹੋ ਕੇ ਤੀਖਣ-ਬੁੱਧੀ ਦੀਆਂ ਉਕਤੀਆਂ-ਜੁਗਤੀਆਂ ਰਾਹੀਂ ਆਪਣੇ **'ਦਾਤੇ'** ਪਰਮੇਸ਼ਰ ਨੂੰ **ਭੁੱਲ ਸਕਦਾ ਹੈ ।** ਇਸ ਲਈ ਆਦਿ ਤੋਂ ਹੀ ਪਰਮੇਸ਼ਰ ਨੇ ਸਾਨੂੰ 'ਬੇਮੁਖਾਂ' ਨੂੰ – **'ਭੁੱਲ'** ਵਿਚੋਂ ਕੱਢ ਕੇ **'ਯਾਦ'** ਵਿਚ ਲਿਆਉਣ ਲਈ ਜਾਂ ਅਕਾਲ-ਪੁਰਖ ਦੇ **'ਓਲੇ'** ਦੀ ਨਿੱਘੀ ਤੇ ਸੁਖਦਾਈ ਛਤ੍ਰ-ਛਾਇਆ ਹੇਠ ਮੁੜ ਲਿਆਉਣ ਲਈ ਧੁਰੋਂ ਗੁਰੂ, ਪੀਰ, ਫਕੀਰ, ਸਾਧ, ਸੰਤ, ਮਹਾਂਪੁਰਖ, ਗੁਰਮੁਖ-ਪਿਆਰੇ ਲੋੜ ਅਨੁਸਾਰ ਸੰਸਾਰ ਤੇ ਭੇਜੇ, ਜਿਨ੍ਹਾਂ ਨੇ ਉਸ ਵਕਤ ਦੇ ਹਾਲਾਤ ਅਨੁਸਾਰ ਜੀਵਾਂ ਨੂੰ ਪਰਮਾਰਥ ਵਲ ਲਾਉਣ ਲਈ ਆਤਮਿਕ ਉਪਦੇਸ਼ ਦਿਤੇ ।

ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ॥ (ਪੰਨਾ-929)<br>
ਸਾਧ ਰੂਪ ਅਪਨਾ ਤਨੁ ਧਾਰਿਆ ॥<br>
ਮਹਾ ਅਗਨਿ ਤੇ ਆਪਿ ਉਬਾਰਿਆ ॥ (ਪੰਨਾ-1005)

ਇਹ ਸਭ ਕੁਝ ਪ੍ਰੇਮ-ਪੁਰਖ ਅਕਾਲ-ਪੁਰਖ ਦਾ ਆਪਣੀ 'ਅੰਸ਼', ਜੀਵਾਂ ਲਈ ਅਤਿਅੰਤ ਪਿਆਰ-ਭਾਵਨਾ ਦਾ –

ਬਿਰਦ<br>
ਮਿਹਰ

ਬਖਸ਼ਿਸ਼
ਗੁਰਪ੍ਰਸਾਦਿ
ਪ੍ਰਗਟਾਵਾ
ਪ੍ਰਤੀਕ ਹੈ !

ਦੁਨਿਆਵੀ ਮਾਂ ਦੇ ਹਿਰਦੇ ਵਿਚ ਆਪਣੇ ਜਾਏ ਬੱਚੇ ਲਈ ਅਥਾਹ ਪਿਆਰ ਹੁੰਦਾ ਹੈ ਤੇ ਉਹ ਆਪਣੇ ਬੱਚੇ ਦੇ ਵਿਛੋੜੇ ਨੂੰ ਸਹਿ ਨਹੀਂ ਸਕਦੀ ਤੇ ਆਪਣੇ **'ਗੁਆਚੇ ਬੱਚੇ'** ਦੀ ਸੂਹ ਲੈਂਦੀ ਰਹਿੰਦੀ ਹੈ – ਉਸ ਨੂੰ ਮੁੜ ਆਪਣੇ ਗਲ ਲਾ ਕੇ, ਆਪਣੀ ਗੋਦ ਦਾ ਨਿੱਘਾ ਪਿਆਰ ਤੇ ਸੁਖ ਦੇਣ ਲਈ ਲੋਚਦੀ ਤੇ ਤਾਂਘਦੀ ਰਹਿੰਦੀ ਹੈ । ਉਹ ਆਪਣੇ ਬੱਚੇ ਵਲ ਪਿਆਰ-ਸੁਨੇਹੜੇ ਭੇਜ ਕੇ ਉਸ ਨੂੰ ਮੁੜ ਆਪਣੇ ਵਲ ਪ੍ਰੇਰਦੀ ਤੇ ਖਿੱਚਦੀ ਰਹਿੰਦੀ ਹੈ ।

ਇਸੇ ਤਰ੍ਹਾਂ ਸਾਡੀ **'ਇਲਾਹੀ ਮਾਤਾ'** – **ਪਰਮੇਸ਼ਰ** ਵੀ ਆਪਣੀ ਅੰਸ਼-ਬੱਚਿਆਂ ਦੇ ਵਿਛੋੜੇ ਨੂੰ ਸਹਾਰ ਨਹੀਂ ਸਕਦੀ । ਇਸ ਲਈ ਕਾਇਨਾਤ ਦੇ ਜ਼ੱਰੇ-ਜ਼ੱਰੇ ਅੰਦਰ ਉਸ ਨੇ **'ਜੀਵਨ-ਤੱਤ'** **'ਆਤਮਾ'** ਵਿਚ ਆਪਣੇ ਪਿਆਰ ਦੀ **ਤਾਂਘ ਜਾਂ ਖਿੱਚ ਦੀ ਅੰਸ਼ ਪ੍ਰਵੇਸ਼ ਕਰ ਦਿਤੀ ਹੈ,** ਤਾਂ ਜੁ ਜੀਵ ਦੀ ਆਪਣੇ ਕਰਤੇ ਵਲ, ਅਣਜਾਣੇ, ਸਹਿਜ-ਸੁਭਾਇ **'ਖਿੱਚ'** ਪੈਂਦੀ ਰਹੇ । ਜਿਉਂ-ਜਿਉਂ ਜੀਵ ਦਾ 'ਹਉਮੈ' ਦਾ ਛੌੜ ਪਤਲਾ ਹੁੰਦਾ ਜਾਂਦਾ ਹੈ, ਉਸ ਦੀ ਸੁਰਤੀ-ਬਿਰਤੀ **'ਆਤਮ-ਪ੍ਰਾਇਣ'** ਹੁੰਦੀ ਜਾਂਦੀ ਹੈ ਤੇ ਆਪਣੇ ਕੇਂਦਰ ਜਾਂ ਸੋਮੇ ਵਲ ਅੰਤ੍ਰ-ਆਤਮੇ **'ਖਿੱਚ'** ਵਧਦੀ ਜਾਂਦੀ ਹੈ ।

ਇਹ ਆਤਮਿਕ-ਪਿਆਰ ਦੀ **ਖਿੱਚ, ਤਾਰ ਜਾਂ ਕਾਂਖੀ** ਦੁਵੱਲੀ ਹੈ । ਇਕ ਪਾਸੇ ਅਕਾਲ ਪੁਰਖ ਆਪ ਆਪਣੀ 'ਅੰਸ਼' ਨੂੰ ਆਪਣੇ ਵਲ ਇਲਾਹੀ-ਪਿਆਰ ਨਾਲ ਖਿੱਚ ਰਿਹਾ ਹੈ, ਦੂਜੇ ਪਾਸੇ ਜੀਵ ਆਪਣੇ ਕੇਂਦਰ – **ਪਰਮੇਸ਼ਰ** ਵਲ ਅਣਜਾਣੇ, ਸਹਿਜ-ਸੁਭਾਇ ਖਿਚਿਆ ਜਾ ਰਿਹਾ ਹੈ ।

ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਓ ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥ (ਪੰਨਾ-927)

ਇਸ ਇਲਾਹੀ ਪ੍ਰੀਤ-ਡੋਰੀ ਦਾ ਸਰੂਪ –

ਸ਼ਰਧਾ-ਭਾਵਨੀ
ਭਉ-ਭਾਵਨੀ
ਪ੍ਰੇਮ-ਸਵੈਪਨਾ
ਪਿਆਰ-ਤਾਂਘ
ਸੇਵਾ-ਭਾਵ
ਸਿਮਰਨ
ਆਪਾ-ਵਾਰਨਾ ਹੈ ।

ਪਰ ਹਉਮੈ ਦੇ ਭਰਮ-ਭੁਲਾਵੇ ਵਿਚ ਇਨਸਾਨ ਆਪਣੇ ਆਪ ਨੂੰ ਹੀ 'ਕਰਤਾ-ਧਰਤਾ' ਸਮਝ ਕੇ ਆਪਣੀ ਤੀਖਣ-ਬੁੱਧੀ ਨਾਲ ਸਿਆਣਪਾਂ ਤੇ ਚਤੁਰਾਈਆਂ ਘੋਟਦਾ ਰਹਿੰਦਾ ਹੈ। ਇਸ ਤਰ੍ਹਾਂ ਅਸੀਂ ਇਕ ਦੂਜੇ ਨਾਲ ਵੈਰ-ਵਿਰੋਧ, ਈਰਖਾ, ਦਵੈਤ, ਲੜਾਈ-ਝਗੜੇ, ਦੁਸ਼ਮਣੀ ਸਹੇੜ ਲੈਂਦੇ ਹਾਂ ਅਤੇ ਨਤੀਜੇ ਦੇ ਤੌਰ ਤੇ ਡਰ, ਫਿਕਰ, ਸ਼ੱਕ ਤੇ ਚਿੰਤਾ-ਚਿਖਾ ਵਿਚ ਸੜਦੇ-ਬਲਦੇ ਦੁੱਖ ਭੋਗਦੇ ਹਾਂ।

ਜੇਕਰ ਨਿੱਕਾ ਬੱਚਾ ਕਿਸੇ ਕਾਰਣ ਗੁਆਚ ਜਾਵੇ ਤੇ ਵੱਡਾ ਹੋ ਕੇ ਆਪਣੇ ਹੀ ਬਾਪ ਦੇ ਰਾਜ ਵਿਚ ਨੌਕਰ ਹੋ ਜਾਵੇ ਤਾਂ ਉਸ ਨਾਲ ਬਾਕੀ ਨੌਕਰਾਂ ਵਾਂਗ ਹੀ ਵਰਤਾਰਾ ਹੁੰਦਾ ਹੈ। ਪਰ ਜੇਕਰ ਕਿਸੇ ਦੀ ਪ੍ਰੇਰਣਾ ਸਦਕਾ ਉਸ ਨੂੰ ਆਪਣੇ ਬਾਪ ਦੀ ਪਹਿਚਾਣ ਹੋ ਜਾਵੇ, ਉਹ ਮੁੜ **ਉਸ ਦੀ ਸ਼ਰਣ ਚਲਿਆ ਜਾਵੇ** ਤਾਂ ਉਹ 'ਨੌਕਰ' ਤੋਂ ਬਦਲ ਕੇ **'ਪੁੱਤਰ'** ਬਣ ਜਾਂਦਾ ਹੈ ਅਤੇ ਆਪਣੇ ਬਾਪ ਦੀ ਜਾਇਦਾਦ ਜਾਂ ਵਿਰਾਸਤ ਦਾ ਹੱਕਦਾਰ ਬਣ ਜਾਂਦਾ ਹੈ।

ਇਸੇ ਤਰ੍ਹਾਂ ਜੇ ਅਸੀਂ ਮੁੜ ਅਕਾਲ-ਪੁਰਖ ਰੂਪੀ **'ਇਲਾਹੀ-ਮਾਤਾ'** ਦੀ ਸੁਖਦਾਈ ਗੋਦ ਦਾ ਨਿੱਘ ਮਾਣਨਾ ਚਾਹੁੰਦੇ ਹਾਂ, ਉਸ ਦੀਆਂ ਦੈਵੀ ਬਖਸ਼ਿਸ਼ਾਂ ਦੇ ਪਾਤਰ ਬਣਨਾ ਚਾਹੁੰਦੇ ਹਾਂ, 'ਗੁਝੀ ਭਾਹਿ ਜਲੈ ਸੰਸਾਰਾ' ਦੇ ਸੇਕ ਤੋਂ ਆਪਣੇ ਆਪ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰਬਾਣੀ ਦੀਆਂ ਹੇਠ ਲਿਖੀਆਂ ਪੰਗਤੀਆਂ ਦੀ ਰੌਸ਼ਨੀ ਵਿਚ ਆਪਣਾ ਜੀਵਨ **ਢਾਲਣਾ ਪਵੇਗਾ।**

ਜਉ ਸੁਖ ਕਉ ਚਾਹੈ ਸਦਾ **ਸਰਨਿ ਰਾਮ ਕੀ ਲੇਹ ॥** (ਪੰਨਾ-1427)

ਤਜਹੁ ਸਿਆਨਪ ਸੁਰਿਜਨਹੁ **ਸਿਮਰਹੁ ਹਰਿ ਹਰਿ ਰਾਇ ॥**
**ਏਕ ਆਸ ਹਰਿ ਮਨਿ ਰਖਹੁ** ਨਾਨਕ ਦੂਖੁ ਭਰਮੁ ਭਉ ਜਾਇ ॥ (ਪੰਨਾ-281)

ਮੇਰੇ ਮਨ **ਨਾਮੁ ਨਿਤ ਨਿਤ ਲੇਹ ॥**
ਜਲਤ ਨਾਹੀ ਅਗਨਿ ਸਾਗਰ ਸੂਖੁ ਮਨਿ ਤਨਿ ਦੇਹ ॥ (ਪੰਨਾ-1006)

ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ ॥
**ਏਕੁ ਨਾਮੁ ਆਧਾਰੁ ਭਉਜਲੁ ਤਰਬੀਐ ॥** (ਪੰਨਾ-398)

ਰੇ ਮਨ **ਓਟ ਲੇਹੁ ਹਰਿ ਨਾਮਾ ॥**
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥ (ਪੰਨਾ-901)

ਜੀਅਰੇ ਓਲ੍ਹਾ ਨਾਮ ਕਾ ॥
ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥ (ਪੰਨਾ-211)

**ਸਮਾਪਤ**